# ਪੰਜਾਬੀ ਵਿਕਾਸ ਮੰਚ (ਕਾਨੂੰਨੀ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਹਵਾਲਾ ਨੰ: 34-35 ਮਿਤੀ: 09.05.2022

**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083

ਸੇਵਾ ਵਿਖੇ

ਚੇਅਰਮੈਨ, ਵਿਭਾਗੀ ਭਰਤੀ ਬੋਰਡ
ਪੁਲਿਸ ਹੈਡਕੁਆਟਰ, ਪੰਜਾਬ ਪੁਲਿਸ,
ਚੰਡੀਗੜ੍ਹ।

ਵਿਸ਼ਾ: ਪੰਜਾਬ ਵਿਚ ਸਰਕਾਰੀ ਨੌਕਰੀਆਂ ਦੀ ਭਰਤੀ ਲਈ ਕਰਵਾਈ ਜਾਂਦੀ ਮੁਕਾਬਲੇ ਦੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਅੰਗਰੇਜ਼ੀ ਭਾਸ਼ਾ ਦੇ ਨਾਲ-ਨਾਲ ਰਾਜ ਭਾਸ਼ਾ ਪੰਜਾਬੀ ਵਿਚ ਵੀ ਤਿਆਰ ਕਰਨ ਸਬੰਧੀ।

ਸ੍ਰੀ ਮਾਨ ਜੀ,

ਮੈਂ ਆਪ ਜੀ ਦਾ ਧਿਆਨ ਪੰਜਾਬ ਸਰਕਾਰ, ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ (ਸਿੱਖਿਆ ਸੈੱਲ) ਦੇ ਪੱਤਰ ਨੰ:6/14/18-2ਸਿ:ਸੈੱਲ/375 ਮਿਤੀ 02.02.2022 ਵੱਲ ਦਿਵਾਉਣਾ ਚਾਹੁੰਦਾ ਹਾਂ। ਉਪਰੋਕਤ ਪੱਤਰ ਰਾਹੀਂ ਪੰਜਾਬ ਸਰਕਾਰ ਨੇ ਨੋਟ ਕੀਤਾ ਹੈ ਕਿ ਕੁਝ ਵਿਭਾਗਾਂ ਵੱਲੋਂ ਸਰਕਾਰੀ ਨੌਕਰੀਆਂ ਦੀ ਭਰਤੀ ਲਈ ਮੁਕਾਬਲੇ ਦੀ ਪ੍ਰੀਖਿਆ ਵਿਚ ਪ੍ਰਸ਼ਨ ਪੱਤਰ ਕੇਵਲ ਅੰਗਰੇਜ਼ੀ ਭਾਸ਼ਾ ਵਿਚ ਹੀ ਤਿਆਰ ਕੀਤੇ ਜਾਂਦੇ ਹਨ, ਜੋ ਕਿ ਪੰਜਾਬ ਰਾਜ ਭਾਸ਼ਾ ਐਕਟ 1967 ਅਤੇ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਦੀ ਉਲੰਘਣਾ ਹੈ।

ਉਪਰੋਕਤ ਪੱਤਰ ਰਾਹੀਂ ਪੰਜਾਬ ਸਰਕਾਰ ਨੇ ਹਦਾਇਤ ਕੀਤੀ ਹੈ ਕਿ ਪੰਜਾਬ ਵਿਚ ਸਰਕਾਰੀ ਨੌਕਰੀਆਂ ਦੀ ਭਰਤੀ ਲਈ ਮੁਕਾਬਲੇ ਦੀ ਪ੍ਰੀਖਿਆ ਕਰਵਾਉਣ ਸਮੇਂ ਪ੍ਰਸ਼ਨ ਪੱਤਰ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਦੋਹਾਂ ਵਿਚ ਤਿਆਰ ਕੀਤੇ ਜਾਣ।

ਪੰਜਾਬੀ ਵਿਕਾਸ ਮੰਚ (ਕਾਨੂੰਨੀ) ਦੇ ਨੋਟਿਸ ਵਿਚ ਆਇਆ ਹੈ ਕਿ ਆਪ ਜੀ ਵੱਲੋਂ ਸਰਕਾਰੀ ਨੌਕਰੀਆਂ ਦੀ ਭਰਤੀ ਲਈ ਕਰਵਾਈ ਜਾਂਦੀ ਮੁਕਾਬਲੇ ਦੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਕੇਵਲ ਅੰਗਰੇਜ਼ੀ ਭਾਸ਼ਾ ਵਿਚ ਤਿਆਰ ਕੀਤੇ ਜਾਂਦੇ ਹਨ ਜੋ ਕਿ ਉਪਰੋਕਤ ਦਰਸਾਏ ਦੋਹਾਂ ਐਕਟਾਂ ਦੀ ਪੂਰੀ ਤਰ੍ਹਾਂ ਉਲੰਘਣਾ ਹੈ। ਮੈਂ ਇੱਥੇ ਇਹ ਵੀ ਕਹਿਣਾ ਚਾਹਾਂਗਾ ਕਿ ਅਜਿਹੀ ਉਲੰਘਣਾ ਕਰਨ ਵਾਲੀ ਸੰਸਥਾ ਜਾਂ ਅਧਿਕਾਰੀ ਨੂੰ ਸਜ਼ਾ ਦੇਣ ਦੀ ਵਿਵਸਥਾ ਵੀ ਉਪਰੋਕਤ ਦੋਹਾਂ ਐਕਟ ਵਿਚ ਕੀਤੀ ਗਈ ਹੈ। ਇਸ ਲਈ ਮੈਂ ਆਪਣੀ ਸੰਸਥਾ ਵੱਲੋਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਵਿਚ ਸਰਕਾਰੀ ਨੌਕਰੀਆਂ ਦੀ ਭਰਤੀ ਲਈ

# ਪੰਜਾਬੀ ਵਿਕਾਸ ਮੰਚ (ਕਾਨੂੰਨੀ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਹਵਾਲਾ ਨੰ:............................ ਮਿਤੀ :.................................

**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083

ਕਰਵਾਈ ਜਾਂਦੀ ਮੁਕਾਬਲੇ ਦੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਅੰਗਰੇਜ਼ੀ ਭਾਸ਼ਾ ਦੇ ਨਾਲ-ਨਾਲ ਰਾਜ ਭਾਸ਼ਾ ਪੰਜਾਬੀ ਵਿਚ ਵੀ ਤਿਆਰ ਕੀਤੇ ਜਾਣ।

ਕਿਰਪਾ ਕਰਕੇ ਇਸ ਪੱਤਰ ਦੀ ਪਹੁੰਚ ਦੀ ਸੂਚਨਾ ਦਿੱਤੀ ਜਾਵੇ ਜੀ।

ਧੰਨਵਾਦ ਸਹਿਤ।

ਐਚ.ਸੀ.ਅਰੋੜਾ ਐਡਵੋਕੇਟ
ਲੀਗਲ ਐਡਵਾਈਜ਼ਰ
ਪੰਜਾਬੀ ਭਾਸ਼ਾ ਪਸਾਰ ਭਾਈਚਾਰਾ

ਉਤਾਰਾ:

1. ਮਣਯੋਗ ਮੁੱਖ ਸਕੱਤਰ, ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿਤ।